ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ
(ਸਥਾਨਕ ਸਰਕਾਰ-3 ਸ਼ਾਖਾ)

## ਅਧਿਸੂਚਨਾ

ਨੰ: 16/13/2020-4ਸਸ3/2096 ਮਿਤੀ,ਚੰਡੀਗੜ੍ਹ: 07-08-2020

ਜਿਵੇਂ ਕਿ ਨਗਰ ਕੌਂਸਲ, ਬੁਢਲਾਡਾ ਵੱਲੋ "ਦੀ ਪੰਜਾਬ ਪਰੋਹਿਬੀਸ਼ਨ ਆਫ ਕਾਓ ਸਲਾਟਰ ਐਕਟ 1955" (15 ਆਫ 1956) ਦੀ ਧਾਰਾ 7 ਅਧੀਨ ਆਪਣੇ ਮਤਾ ਨੰ: 28 ਮਿਤੀ; 29.9.2015 ਰਾਹੀਂ ਕਾਓ ਸੈਸ ਲਗਾਉਣਾ ਪ੍ਰਵਾਨ ਕੀਤਾ ਹੈ। ਇਸ ਦੇ ਸਬੰਧ ਵਿੱਚ ਅਖਬਾਰ ਰਾਹੀਂ ਜਨਤਕ ਸੂਚਨਾ ਪ੍ਰਕਾਸ਼ਿਤ ਕਰਵਾ ਕੇ ਆਮ ਜਨਤਾ ਪਾਸੋਂ ਇਤਰਾਜ ਅਤੇ ਸੁਝਾਓ ਮੰਗੇ ਗਏ ਸਨ, ਇਤਰਾਜ ਪ੍ਰਾਪਤ ਨਾ ਹੋਣ ਕਾਰਨ ਨਗਰ ਕੌਂਸਲ, ਬੁਢਲਾਡਾ ਵੱਲੋ ਮਤਾ ਨੰ: 77 ਮਿਤੀ; 08.06.2016 ਨੂੰ ਫਾਈਨਲ ਨੋਟੀਫਿਕੇਸ਼ਨ ਕਰਾਉਣ ਲਈ ਮਤਾ ਪ੍ਰਵਾਨ ਕੀਤਾ ਗਿਆ।

2. ਇਸ ਲਈ ਹੁਣ "ਦੀ ਪੰਜਾਬ ਪਰੋਹਿਬੀਸ਼ਨ ਆਫ ਕਾਓ ਸਲਾਟਰ ਐਕਟ 1955" (15 ਆਫ 1956) ਦੀ ਧਾਰਾ 7 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਘੋਸ਼ਣਾ ਕਰਦੇ ਹਨ ਕਿ ਨਗਰ ਕੌਂਸਲ, ਬੁਢਲਾਡਾ ਦੇ ਖੇਤਰ ਵਿਖੇ ਹੇਠ ਲਿਖੀਆਂ ਵਸਤਾਂ ਦੀ ਵਿਕਰੀ ਉਤੇ ਫੀਸ (ਕਾਓ ਸੈਸ) ਲਾਗੂ ਹੋਵੇਗਾ ਜਿਸ ਦੀਆਂ ਕੁਲੈਕਟਿੰਗ ਏਜੰਸੀਆਂ ਹੇਠਾਂ ਦਿਤੇ ਟੇਬਲ ਵਿਚ ਘੋਸ਼ਿਤ ਕੀਤੀਆਂ ਜਾਂਦੀਆਂ ਹਨ:-

| ਲੜੀ ਨੰ: | ਆਈਟਮ ਦਾ ਨਾਮ | ਪ੍ਰਤੀ ਆਈਟਮ ਫੀਸ (ਕਾਓ ਸੈਸ) | ਕੁਲੈਕਟਿੰਗ ਏਜੰਸੀ ਦਾ ਨਾਮ |
|---|---|---|---|
| 1 | ਤੇਲ ਟੈਂਕਰ ਪ੍ਰਤੀ ਚੱਕਰ | 100/- ਰੁਪਏ | ਨਗਰ ਕੌਂਸਲ, ਬੁਢਲਾਡਾ |
| 2 | ਬਿਜਲੀ ਪ੍ਰਤੀ ਯੂਨਿਟ | 2 ਪੈਸੇ | ਉਪ ਮੰਡਲ ਇੰਜਨੀਅਰ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ, ਬੁਢਲਾਡਾ |
| 3 | ਸੀਮਿੰਟ ਪ੍ਰਤੀ ਬੈਗ | 01/- ਰੁਪਏ | ਨਗਰ ਕੌਂਸਲ, ਬੁਢਲਾਡਾ |
| 4 | ਮੈਰਿਜ ਪੈਲਿਸ ਏ.ਸੀ. ਪ੍ਰਤੀ ਫੰਕਸਨ | 1000/- ਰੁਪਏ | ਨਗਰ ਕੌਂਸਲ, ਬੁਢਲਾਡਾ |
| 5 | ਮੈਰਿਜ ਪੈਲਿਸ ਨਾਨ ਏ.ਸੀ. ਪ੍ਰਤੀ ਫੰਕਸਨ | 500/- ਰੁਪਏ | ਨਗਰ ਕੌਂਸਲ, ਬੁਢਲਾਡਾ |
| 6 | ਫੋਰ ਵ੍ਹੀਲਰ ਗੱਡੀ ਪ੍ਰਤੀ ਵਹੀਕਲ ਦੀ ਵਿਕਰੀ ਤੇ | 1000/- ਰੁਪਏ | ਰੀਜ਼ਨਲ ਟਰਾਂਸਪੋਰਟ ਅਥਾਰਟੀ, ਮਾਨਸਾ |
| 7 | ਦੋ ਵ੍ਹੀਲਰ ਗੱਡੀ ਪ੍ਰਤੀ ਵਹੀਕਲ ਦੀ ਵਿਕਰੀ ਤੇ | 200/- ਰੁਪਏ | ਰੀਜ਼ਨਲ ਟਰਾਂਸਪੋਰਟ ਅਥਾਰਟੀ, ਮਾਨਸਾ |

ਨੋਟ: ਸ਼ਰਾਬ/ਬੀਅਰ ਤੇ ਕਰ ਵਿਭਾਗ ਵਲੋਂ ਲਾਇਸੰਸ ਫੀਸ ਲਗਾਈ ਗਈ ਹੈ। ਇਹ ਆਮਦਨ ਕਾਓ ਸੈਸ ਦੇ ਰੱਖ-ਰਖਾਓ ਲਈ ਵਰਤੀ ਜਾਣੀ ਹੈ।

ਮਿਤੀ: 06.08.2020
ਸਥਾਨ: ਚੰਡੀਗੜ੍ਹ

ਸੰਜੇ ਕੁਮਾਰ, ਆਈ.ਏ.ਐਸ.
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ

ਪਿੱਠ ਅੰਕਣ ਨੰ: 16/13/2020-4ਸਸ3/2097 ਮਿਤੀ,ਚੰਡੀਗੜ੍ਹ: 07-08-2020

ਇਸ ਦਾ ਇੱਕ ਉਤਾਰਾ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ, ਐਸ.ਏ.ਐਸ. ਨਗਰ (ਮੋਹਾਲੀ) ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਧਿਸੂਚਨਾ ਨੂੰ ਪੰਜਾਬ ਸਰਕਾਰ ਦੇ ਅਸਾਧਾਰਣ ਗਜਟ ਵਿੱਚ ਛਾਪਣ ਦੀ ਖੇਚਲ ਕੀਤੀ ਜਾਵੇ ਅਤੇ ਇਸ ਦੀਆਂ 10 ਕਾਪੀਆਂ ਸਰਕਾਰ ਨੂੰ ਰਿਕਾਰਡ ਲਈ ਭੇਜ ਦਿੱਤੀਆ ਜਾਣ।

ਅਧੀਨ ਸਕੱਤਰ, ਸਥਾਨਕ ਸਰਕਾਰ

ਪਿੱਠ ਅੰਕਣ ਨੰ: 16/13/2020-4ਸਸ3/2098-2111 ਮਿਤੀ,ਚੰਡੀਗੜ੍ਹ:07-08-2020

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1 ਵਿਤੀ ਕਮਿਸ਼ਨਰ, ਕਰ ਅਤੇ ਆਬਕਾਰੀ ਵਿਭਾਗ, ਪੰਜਾਬ ਚੰਡੀਗੜ੍ਹ;
2 ਪ੍ਰਮੁੱਖ ਸਕੱਤਰ, ਟਰਾਂਸਪੋਰਟ, ਪੰਜਾਬ, ਚੰਡੀਗੜ੍ਹ;
3 ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ;
4 ਚੇਅਰਮੇਨ,ਪੰਜਾਬ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ, ਚੰਡੀਗੜ੍ਹ;
5 ਚੇਅਰਮੈਨ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ, ਪਟਿਆਲਾ।
6 ਡਿਪਟੀ ਕਮਿਸ਼ਨਰ, ਮਾਨਸਾ।
7 ਉਪ ਮੰਡਲ ਮੈਜਿਸਟਰੇਟ, ਬੁਢਲਾਡਾ।
8 ਰੀਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਬਠਿੰਡਾ
9 ਕਾਰਜ ਸਾਧਕ ਅਫਸਰ, ਨਗਰ ਕੌਂਸਲ, ਬੁਢਲਾਡਾ।
10. ਪ੍ਰੀਖਕ, ਲੋਕਲ ਫੰਡ ਅਕਾਊਂਟਸ, ਪੰਜਾਬ, ਚੰਡੀਗੜ੍ਹ
11 ਦਫਤਰ ਟਾਊਨ ਪਲੈਨਰ, ਟਾਊਨ ਪਲੈਨਿੰਗ ਵਿੰਗ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ;
12 ਸਹਾਇਕ ਕਮਿਸ਼ਨਰ ਕਰ ਤੇ ਆਬਕਾਰੀ, ਮਾਨਸਾ।
13 ਰੀਜਨਲ ਟਰਾਂਸਪੋਰਟ ਅਥਾਰਟੀ, ਮਾਨਸਾ।
14 ਜਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ, ਮਾਨਸਾ।

ਅਧੀਨ ਸਕੱਤਰ, ਸਥਾਨਕ ਸਰਕਾਰ